# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ:

ਪੰਜਾਬ ਰਾਜ ਦੀਆਂ ਸਮੂਹ ਐਫੀਲੀਏਟਿਡ,
ਐਸੋਸੀਏਟਿਡ, ਆਦਰਸ ਸਕੂਲਜ਼।

ਨੰਬਰ: ਪਸਸਬ-ਐਫੀ:2019/2192 ਮਿਤੀ:23/5/19

**ਵਿਸ਼ਾ: ਵਿੱਲਖਣ ਯੋਗਤਾ ਵਾਲੇ ਵਿਦਿਆਰਥੀਆਂ ਸਬੰਧੀ Display Board ਆਪਣੇ ਸਕੂਲਾਂ ਦੇ Entry Gate ਤੇ ਲਗਾਉਣ ਬਾਰੇ।**

**ਹਵਾਲਾ: ਪਸਸਬ-ਐਫੀ:2018/2604 ਮਿਤੀ: 03-04-2018 ਪੱਤਰ ਨੰਬਰ: 2633 ਮਿਤੀ: 05-04-2018,ਪੱਤਰ ਨੰਬਰ: ਪਸਸਬ-ਐਫੀ:2018/ 2659 ਮਿਤੀ: 10-04-2018 ਅਤੇ ਪੱਤਰ ਨੰ: ਪਸਸਬ-ਐਫੀ:2018/2718 ਮਿਤੀ: 11-04-2018 ਪੱਤਰ ਨਪੰ: ਪਸਸਬ-ਐਫੀ:2018/2788 ਮਿਤੀ: 16-04-2018, ਮਿਤੀ: 04-05-2018, ਪੱਤਰ ਨੰ: ਪਸਸਬ-ਐਫੀ:2018/741 ਮਿਤੀ: 24-05-2018 ਅਤੇ 3697 ਮਿਤੀ: 06-07-2018 ਅਤੇ ਪਸਸਬ ਐਫੀ.2018/6877 ਮਿਤੀ 17-12-2018**

ਉਪਰੋਕਤ ਵਿਸ਼ੇ/ਹਵਾਲੇ ਅਧੀਨ ਪੱਤਰਾਂ ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵੱਲੋਂ CWP No. 22527 of 2017 titled Jyoti Sehgal V/s Union of India and others ਦੇ ਕੇਸ ਵਿੱਚ ਦਿੱਤੇ ਫੈਸਲੇ ਅਨੁਸਾਰ ਸਕੂਲ ਦੇ ਮੇਨਗੇਟ ਤੇ ਮਾਨਯੋਗ ਕੋਰਟ ਵੱਲੋਂ ਜਾਰੀ ਹਦਾਇਤਾਂ ਸਬੰਧੀ ਡਿਸਪਲੇਅ ਬੋਰਡ ਲਗਾ ਕੇ ਸੂਚਿਤ ਕਰਨ ਲਈ ਹਵਾਲਾ ਅਧੀਨ ਪੱਤਰ ਜਾਰੀ ਕੀਤੇ ਗਏ ਸਨ। ਇਹਨਾਂ ਪੱਤਰਾਂ ਰਾਹੀਂ ਹੋਏ ਹੁਕਮਾਂ ਦੀ ਪਾਲਣਾ ਕਰਨ ਹਿੱਤ ਬਹੁਤ ਸਾਰੇ ਸਕੂਲਾਂ ਵੱਲੋਂ ਹੁਣ ਤੱਕ ਇਹ ਡਿਸਪਲੇਅ ਬੋਰਡ ਲਗਾ ਕੇ ਦਫਤਰ ਨੂੰ ਸੂਚਿਤ ਨਹੀਂ ਕੀਤਾ ਗਿਆ। ਜਿਸ ਦਾ ਮਾਨਯੋਗ ਕੋਰਟ ਅਤੇ ਬੋਰਡ ਮੈਨੇਜਮੈਂਟ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। **ਜਿਨ੍ਹਾਂ ਸੰਸਥਾਵਾਂ ਨੇ ਇਹ ਸੂਚਨਾ ਨਹੀਂ ਭੇਜੀ, ਉਹ ਮਿਤੀ: 14-06-2019 ਤੱਕ ਇਹ ਡਿਸਲਪੇਅ ਬੋਰਡ ਲਗਾ ਕੇ ਬੋਰਡ ਦੀ ਫੋਟੋ ਸਮੇਤ ਦਫਤਰ ਨੂੰ ਹਰ ਹਾਲਤ ਵਿੱਚ ਸੂਚਿਤ ਕੀਤਾ ਜਾਵੇ।** ਇਹ ਸੂਚਨਾ ਦਫਤਰ ਦੀ ਮੇਲ ਆਈ.ਡੀ. branchaffiliation@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ। ਨਿਰਧਾਰਤ ਸਮੇਂ ਵਿੱਚ ਜਵਾਬ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਐਫੀਲੀਏਸ਼ਨ ਵਿਨਿਯਮਾਂ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ, ਜਿਸ ਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਆਪਣੀ ਹੋਵੇਗੀ। ਇਸ ਨੂੰ ਅਤਿ ਜਰੂਰੀ ਸਮਝਦੇ ਹੋਏ ਪਰਮ ਅਗੇਤ ਦਿੱਤੀ ਜਾਵੇ।

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ ,ਪੰਜਾਬ ਸਕੂਲ ਸਿੱਖਿਆ ਬੋਰਡ।

ਪਿੱਠ-ਅੰਕਣ ਨੰ: ਪਸਸਬ-ਐਫੀ;2019/2193 ਮਿਤੀ:23/5/19

ਉਪਰੋਕਤ ਦਾ ਉਤਾਰਾ ਸਮੂਹ ਜਿਲ੍ਹਾ ਮੈਨੇਜਰਾਂ ਨੂੰ ਸਬੰਧਤ ਐਫੀਲੀਏਟਿਡ/ਐਸੋਸੀਏਟਿਡ/ਆਦਰਸ਼ ਸਕੂਲਾਂ ਵਿੱਚ Display ਬੋਰਡ ਲਗਾਉਣ ਲਈ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ ,ਪੰਜਾਬ ਸਕੂਲ ਸਿੱਖਿਆ ਬੋਰਡ।

Sample; to be sent to schools.

## ਸਕੂਲਾਂ ਵਿੱਚ ਲਗਾਉਣ ਵਾਲੇ Display Board sample

Rights of Persons with Disabilities Act -2016 ਅਨੁਸਾਰ ਸਕੂਲ ਵੱਲੋਂ ਵਿਲੱਖਣ ਯੋਗਤਾ ਵਾਲੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ:-

1. ਐਕਟ ਦੇ ਉਪਬੰਧ ਅਨੁਸਾਰ ਵਿਲੱਖਣ ਯੋਗਤਾ ਰੱਖਣ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰਿਹਾਇਸ਼ ਤੋਂ ਨਜ਼ਦੀਕੀ ਸਕੂਲ ਵਿੱਚ ਜਾ ਸਪੈਸ਼ਲ ਸਕੂਲ ਵਿੱਚ ਬਿਨਾਂ ਕਿਸੇ ਭੇਦ-ਭਾਵ ਤੋਂ ਦਾਖਲਾ ਅਤੇ ਮੁਫਤ ਸਿੱਖਿਆ ਦੇਣ ਦਾ ਉਪਬੰਧ ਹੈ।
2. ਵਿਲੱਖਣ ਯੋਗਤਾ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਮੁਫਤ ਕਿਤਾਬਾਂ ਵਿਸ਼ੇਸ ਕਲਾਸਾਂ ਲਗਾਉਣਾ ਅਤੇ ਉਨ੍ਹਾਂ ਦੀ ਯੋਗਤਾ ਅਨੁਸਾਰ helping material ਦਾ ਪ੍ਰਬੰਧ ਕਰਵਾਉਣਾ।
3. Blind deaf and dumb ਵਿਦਿਆਰਥੀਆਂ ਨੂੰ ਉਨ੍ਹਾਂ ਦੀ Sign language ਅਨੁਸਾਰ ਪੜ੍ਹਾਉਣਾ।
4. ਜਿੰਨ੍ਹਾਂ ਸਕੂਲਾਂ ਵਿੱਚ ਆਪਣੀ ਟਰਾਂਸਪੋਰਟ ਦਾ ਪ੍ਰਬੰਧ ਹੈ, ਉਨ੍ਹਾਂ ਵੱਲੋਂ ਸਪੈਸ਼ਲ ਵਿਦਿਆਰਥੀਆਂ ਲਈ ਸਪੈਸ਼ਲ ਟਰਾਂਸਪੋਰਟ ਦਾ ਪ੍ਰਬੰਧ ਕਰਨਾ।
5. ਵਿਲੱਖਣ ਯੋਗਤਾ ਵਾਲੇ ਵਿਦਿਆਰਥੀਆਂ ਲਈ Special toilet and Special drinking water ਦਾ ਪ੍ਰਬੰਧ ਕਰਵਾਉਣਾ।
6. ਵਿਲੱਖਣ ਯੋਗਤਾ ਵਾਲੇ ਵਿਦਿਆਰਥੀਆਂ ਨੂੰ ਸਕੂਲ/ਬੋਰਡ ਵੱਲੋਂ ਸਪੈਸ਼ਲ ਵਜ਼ੀਫੇ ਪ੍ਰਦਾਨ ਕਰਨਾ।
7. ਜਿਹੜੇ ਅਜਿਹੇ ਵਿਦਿਆਰਥੀ ਆਪਣੀ ਯੋਗਤਾ ਅਨੁਸਾਰ extracurricular activities and sports ਵਿੱਚ ਭਾਗ ਲੈਣਾ ਚਾਹੁੰਦੇ ਹਨ ਤਾਂ ਉਨਾਂ ਨੂੰ ਬਿਨਾਂ ਭੇਦ-ਭਾਵ ਤੋਂ ਭਾਗ ਲੈਣ ਦੀ ਸੁਵਿਧਾ ਮੁਹੱਈਆ ਕਰਵਾਉਣਾ।
8. ਵਿਲੱਖਣ ਯੋਗਤਾ ਵਾਲੇ ਵਿਦਿਆਰਥੀਆਂ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈਆਂ ਜਾਂਦੀਆਂ ਪ੍ਰੀਖਿਆਵਾਂ ਵਿੱਚ ਵਿਸ਼ੇਸ ਸਹੂਲਤਾਂ ਜਿਵੇਂ ਕਿ ਹਰ ਇਕ ਘੰਟੇ ਪਿਛੋਂ 15 ਮਿੰਟ ਵਾਧੂ ਸਮਾਂ ਦੇਣ, ਸਪੈਸ਼ਲ ਟਾਈਪ ਦਾ ਪ੍ਰਸ਼ਨ ਪੱਤਰ , ਲਿਖਾਰੀ ਦੀ ਸੁਵਿਧਾ ਦੇਣ, ਵਿਸ਼ੇ ਦੀ ਚੋਣ ਵਿੱਚ ਛੋਟ , ਦੂਜੀ ਤੀਜੀ ਭਾਸ਼ਾ ਵਿੱਚ ਛੋਟ ਆਦਿ।

ਵਿੱਲਖਣ ਯੋਗਤਾ ਵਾਲੇ ਵਿਦਿਆਰਥੀ ਉਪਰੋਕਤ ਸਬੰਧੀ ਜਾਂ ਉਨ੍ਹਾਂ ਨੂੰ ਹੋਰ ਕੋਈ ਔਕੜ ਸਕੂਲ ਵਿੱਚ ਪੇਸ਼ ਨਾ ਆਵੇ ਤਾਂ ਇਸ ਸਬੰਧੀ ਨਿਮਨ ਲਿਖਤ ਅਧਿਕਾਰੀਆਂ ਨੂੰ ਸੰਪਰਕ ਕਰਨ।

| ਅਧਿਕਾਰੀ ਦਾ ਨਾਂ | ਅਹੁੱਦਾ | ਦਫਤਰ ਦਾ ਨੰ:-/ਮੋਬਾਇਲ ਨੰ:- | ਈ-ਮੇਲ |
|---|---|---|---|
| | ਇੰਚਾਰਜ ਐਫੀਲੀਏਸ਼ਨ/ਐਸੋਸੀਏਸ਼ਨ | 0172-5227377<br>5227375 | branchaffiliation@mail |
| | ਸਬੰਧਿਤ ਜ਼ਿਲ੍ਹਾ ਮੈਨੇਜਰ ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ | | |

ਜਾਰੀ ਕਰਤਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ